## ਮੁਹਾਵਰੇ (80–90)

1. **ਥੁੱਕ ਕੇ ਚੱਟਣਾ –** (ਵਾਇਦੇ ਤੋਂ ਮੁਕਰਨਾ) ਅਣਖੀ ਲੋਕ ਕਦੇ ਵੀ ਥੁੱਕ ਕੇ ਨਹੀਂ ਚੱਟਦੇ, ਵਚਨ ਦਿੰਦੇ ਹਨ ਤਾਂ ਨਿਭਾਉਂਦੇ ਵੀ ਹਨ।
2. **ਥਰ–ਥਰ ਕੰਬਣਾ –** (ਡਰਨਾ) ਸ਼ੇਰ ਨੂੰ ਅਪਣੇ ਸਾਹਮਣੇ ਦੇਖ ਕੇ ਮੀਤ ਥਰ–ਥਰ ਕੰਬਣ ਲੱਗਾ।
3. **ਦਿਨ ਫਿਰਨੇ –** (ਭਾਗ ਜਾਗਣੇ) ਜਦੋਂ ਪਰਿਵਾਰ ਦੇ ਸਾਰੇ ਜੀਆਂ ਨੇ ਕਈ ਸਾਲ ਸਖ਼ਤ ਮਿਹਨਤ ਕੀਤੀ ਤਦ ਉਹਨਾਂ ਦੇ ਦਿਨ ਫਿਰਨੇ ਹੀ ਸਨ।
4. **ਦੰਦ ਪੀਹਣੇ –** (ਗੁੱਸੇ ਵਿੱਚ ਆਉਣਾ) ਪਾਂਡਵ ਭਰਾਵਾਂ ਨੇ ਦੁਰਯੋਧਨ ਦੁਆਰਾ ਦਰੋਪਤੀ ਦੀ ਬੇਪਤੀ ਹੁੰਦੇ ਵੇਖ ਬੜੇ ਦੰਦ ਪੀਹੇ ਪਰ ਉਹ ਕੁਝ ਵੀ ਨਾ ਕਰ ਸਕੇ।
5. **ਦੰਦ ਖੱਟੇ ਕਰਨੇ –** (ਹਰਾ ਦੇਣਾ) ਮਹਾਰਾਣਾ ਪ੍ਰਤਾਪ ਅਤੇ ਉਸ ਦੇ ਸਾਥੀ ਰਾਜਪੂਤਾਂ ਨੇ ਅਕਬਰ ਦੀਆਂ ਫ਼ੌਜਾਂ ਦੇ ਕਈ ਵਾਰੀ ਦੰਦ ਖੱਟੇ ਕੀਤੇ।
6. **ਧੱਕਾ ਕਰਨਾ –** (ਅਨਿਆਂ ਕਰਨਾ) ਚੰਗਾ ਰਾਜ–ਪ੍ਰਬੰਧ ਉਹ ਹੈ ਜਿਸ ਵਿੱਚ ਕਿਸੇ ਗ਼ਰੀਬ ਨਾਲ਼ ਕਦੇ ਵੀ ਧੱਕਾ ਨਹੀਂ ਹੁੰਦਾ।
7. **ਧੌਲ਼ਿਆਂ ਦੀ ਲਾਜ ਰੱਖਣੀ –** (ਬਿਰਧ ਜਾਣ ਕੇ ਲਿਹਾਜ਼ ਕਰਨੀ) ਬਾਬਾ ਜੀ ਨੇ ਆਪਣੇ ਪੋਤਰੇ ਨੂੰ ਕਿਹਾ, "ਮੇਰੇ ਧੌਲਿਆਂ ਦੀ ਲਾਜ ਰੱਖੀ ਤੇ ਭੁੱਲ ਕੇ ਵੀ ਗ਼ਲਤ ਕੰਮ ਨਾ ਕਰੀਂ।"
8. **ਨੱਕ ਰੱਖਣਾ –** (ਇੱਜ਼ਤ ਰੱਖਣੀ) ਭਾਰਤੀ ਹਾਕੀ ਟੀਮ ਨੇ ਉਲੰਪਿਕ ਖੇਡਾਂ ਵਿੱਚ ਮੈਡਲ ਜਿੱਤ ਕੇ ਭਾਰਤੀਆਂ ਦਾ ਨੱਕ ਰੱਖ ਲਿਆ।
9. **ਨੱਕ ਰਗੜਨਾ –** (ਤਰਲੇ ਮਾਰਨਾ) ਜਦੋਂ ਰਾਮਾ ਨਕਲ ਕਰਦਾ ਫੜਿਆ ਗਿਆ ਤਾਂ ਉਸ ਨੇ ਸੈਂਟਰ ਸੁਪਰਡੈਂਟ ਅੱਗੇ ਨੱਕ ਰਗੜਨ ਦੀ ਕਸਰ ਨਾ ਛੱਡੀ, ਪਰ ਸੁਪਰਡੈਂਟ ਨੇ ਉਸ ਨੂੰ ਮਾਫ਼ ਨਾ ਕੀਤਾ।
10. **ਨੱਕ ਚਾੜ੍ਹਨਾ –** (ਨਫ਼ਰਤ ਕਰਨੀ) ਦੂਜਿਆਂ ਦੇ ਗੁਣਾਂ ਨੂੰ ਵੇਖੋ, ਉਹਨਾਂ ਦੀਆਂ ਕਮੀਆਂ ਵੇਖ–ਵੇਖ ਨੱਕ ਨਾ ਚਾੜ੍ਹਦੇ ਫਿਰੋ।
11. **ਨੱਕ 'ਤੇ ਮੱਖੀ ਨਾ ਬਹਿਣ ਦੇਣਾ –** (ਨਖ਼ਰੇ ਕਰਨਾ) ਸਰਬਜੀਤ ਦਾ ਮਿਜ਼ਾਜ ਹੀ ਅਲੱਗ ਹੈ, ਕਦੇ ਨੱਕ 'ਤੇ ਮੱਖੀ ਨਹੀਂ ਬਹਿਣ ਦਿੰਦੀ।